# Maharaja Ranjit Singh Punjab Technical University
# Dabwali Road,Bathinda.

(Established by Govt. of Punjab vide Punjab Act No. 5 of 2015 and approved Under Section 2(f) & 12(B) of UGC)

Ref. No. MRSPTU/Estate/20-21/____________ Dated____________

**ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਜੀ.ਜੈਡ.ਐਸ.ਸੀ.ਸੀ.ਈ.ਟੀ ਕੈਂਪਸ ਵਿਖੇ ਜਮੀਨ ਨੇੜੇ ਰਿਹਾਇਸ਼ੀ ਕਾਲੋਨੀ (ਲੱਗਭਗ 9.50 ਏਕੜ) ਅਤੇ ਜਮੀਨ ਨੇੜੇ ਮੇਨ ਗੇਟ ਨੰ: 1(ਲੱਗਭਗ 4.0 ਏਕੜ) ਦੀ ਬੋਲੀ ਬਾਰੇ ਜ਼ਰੂਰੀ ਸ਼ਰਤਾਂ (ਬੋਲੀ ਮਿਤੀ 12-01-2021 ਦਿਨ ਮੰਗਲਵਾਰ)।**

1. ਹਰ ਬੋਲੀਕਾਰ ਮੌਕੇ ਤੇ ਬੋਲੀ ਦੇਣ ਤੋਂ ਪਹਿਲਾਂ ਰਕਮ 50,000/- ਰੁ: ਬਤੌਰ ਜ਼ਮਾਨਤੀ ਰਕਮ ਵਜੋਂ ਜ਼ਮ੍ਹਾਂ ਕਰਵਾਏਗਾ ਅਤੇ ਇਹ ਜ਼ਮਾਨਤੀ ਰਕਮ ਰਜਿਸਟਰਾਰ, ਐਮ.ਆਰ.ਐਸ.ਪੀ.ਟੀ.ਯੂ, ਬਠਿੰਡਾ ਦੇ ਨਾਮ ਤੇ ਡੀ.ਡੀ ਰਾਹੀਂ ਲਈ ਜਾਵੇਗੀ ਅਤੇ ਇਹ ਰਕਮ ਸਵਾਏ ਜਿਸ ਦੀ ਬੋਲੀ ਪ੍ਰਵਾਨ ਹੋਵੇਗੀ ਅਤੇ ਦੂਸਰੇ ਨੰਬਰ ਦੀ ਬੋਲੀ ਵਾਲੇ ਨੂੰ ਛੱਡ ਕੇ ਬਾਕੀਆਂ ਨੂੰ ਵਾਪਸ ਕਰ ਦਿੱਤੀ ਜਾਵੇਗੀ। ਦੂਸਰੇ ਨੰਬਰ ਦੇ ਬੋਲੀਕਾਰ ਨੂੰ ਜਮਾਨਤੀ ਰਕਮ ਪਹਿਲੇ ਬੋਲੀਕਾਰ ਵੱਲੋ ਜ਼ਮੀਨ ਸੰਭਾਂਲਣ ਉਪਰੰਤ ਵਾਪਿਸ ਕਰ ਦਿੱਤੀ ਜਾਵੇਗੀ। ਸਭ ਤੋਂ ਵੱਧ ਬੋਲੀ ਦੇਣ ਵਾਲੇ ਨੂੰ ਜ਼ਮੀਨ ਠੇਕੇ ਤੇ ਦੇ ਦਿੱਤੀ ਜਾਵੇਗੀ। ਸਰਕਾਰੀ ਬੋਲੀ ਜਮੀਨ ਨੇੜੇ ਰਿਹਾਇਸ਼ੀ ਕਾਲੋਨੀ ਅਤੇ ਜਮੀਨ ਨੇੜੇ ਮੇਨ ਗੇਟ ਨੰ: 1 ਦੇ ਨਾਲ ਲਗਦੀ ਜਮੀਨ ਲਈ ਰੁਪਏ 22000/— ਪ੍ਰਤੀ ਏਕੜ ਪ੍ਰਤੀ ਸਾਲ ਹੋਵੇਗੀ। ਠੇਕੇ ਦਾ ਸਮਾਂ ਦੋ ਸਾਲ ਹੋਵੇਗਾ। ਬੋਲੀ ਦੌਰਾਨ ਬੋਲੀਕਾਰ ਤੋਂ ਇਲਾਵਾ ਹੋਰ ਕੋਈ ਵੀ ਵਿਅਕਤੀ ਦੇ ਸਾਮਿਲ ਹੋਣ ਦੀ ਮਨਾਹੀ ਹੋਵੇਗੀ।
2. ਜਮੀਨ ਦਾ ਠੇਕਾ 2 ਸਾਲ ਲਈ ਹੋਵੇਗਾ, ਪਰ ਲਾਇਸੰਸ ਫੀਸ਼ ਤੇ ਸਕਿਉਰਟੀ ਦੂਜੇ ਸਾਲ ਲਈ 15 ਪ੍ਰਤੀਸ਼ਤ ਵਧਾ ਕੇ ਲਈ ਜਾਵੇਗੀ। ਜੇਕਰ ਜ਼ਮੀਨ ਦਾ ਠੇਕਾ ਦੋ ਸਾਲ ਤੋਂ ਪਹਿਲਾਂ ਛੱਡਿਆ ਜਾਂਦਾ ਹੈ ਤਾਂ ਆਪ ਦੀ ਸਕਿਉਰਟੀ ਜਬਤ ਕਰ ਲਈ ਜਾਵੇਗੀ। ਦੋ ਸਾਲ ਦੀ ਮਿਆਦ ਪੂਰੀ ਹੋਣ ਉਪਰੰਤ ਲਾਇਸੰਸੀ ਦੀ ਮਿਆਦ ਵਿਚ ਵਾਧਾ ਇੱਕ-ਇੱਕ ਸਾਲ ਲਈ ਦੋ ਵਾਰ ਹੀ ਕੀਤਾ ਜਾਵੇਗਾ, ਪ੍ਰੰਤੂ ਲਾਇਸੰਸ ਫੀਸ਼ ਤੇ ਸਕਿਉਰਟੀ ਮੌਜੂਦਾ ਰੇਟ ਦਾ 15 ਪ੍ਰਤੀਸ਼ਤ ਵਧਾ ਕੇ ਲਈ ਜਾਵੇਗੀ, ਪਰ ਉਹ ਵੀ ਜੇਕਰ ਲਾਇਸੰਸੀ ਦਾ ਵਿਵਹਾਰ ਤਸੱਲੀਬਖਸ਼ ਹੋਵੇ ਅਤੇ ਕਿਸੇ ਜੁਰਮਾਨੇ ਆਦਿ ਤੋਂ ਮੁਕਤ ਹੋਵੇ। ਪਰ ਇਹ ਅਧਿਕਾਰ ਯੂਨੀਵਰਸਿਟੀ ਅਥਾਰਟੀ ਕੋਲ ਰਾਖਵਾਂ ਹੋਵੇਗਾ ਅਤੇ ਬੋਲੀ ਕਿਸੇ ਸਮੇ ਕਰਵਾਉਣ ਦਾ ਅਧਿਕਾਰ ਵੀ ਰਜਿਸਟਰਾਰ ਨੂੰ ਹੋਵੇਗਾ। ਕਿਸੇ ਵੀ ਹਾਲਤ ਵਿਚ ਜ਼ਮੀਨ ਚਾਰ ਸਾਲ ਤੋਂ ਵੱਧ ਸਮੇ ਲਈ ਨਹੀ ਦਿੱਤੀ ਜਾਵੇਗੀ।
3. ਜ਼ਮੀਨ ਨੂੰ ਪਾਣੀ ਦਾ ਪ੍ਰਬੰਧ ਠੇਕੇਦਾਰ ਵੱਲੋ ਆਪਣੇ ਪੱਧਰ ਤੇ ਕਰਨਾ ਪਵੇਗਾ। ਉਹ ਇਸ ਕੰਮ ਲਈ ਆਪਣੇ ਖਰਚੇ ਤੇ ਟਿਊਬਵੈਲ ਲਗਾ ਸਕਦਾ ਹੈ ਅਤੇ ਠੇਕਾ ਖਤਮ ਹੋਣ ਸਮੇ ਆਪਣਾ ਸਮਾਨ ਪੁੱਟ ਕੇ ਲਿਜਾ ਸਕਦਾ ਹੈ।
4. ਠੇਕੇਦਾਰ ਵੱਲੋ ਰੁ: 100/- ਦੇ ਅਸਟਾਮ ਪੇਪਰ ਤੇ ਇਸ ਦਫਤਰ ਨਾਲ ਇਕਰਾਰਨਾਮਾ ਕੀਤਾ ਜਾਵੇਗਾ, ਜਿਸ ਦਾ ਖਰਚਾ ਠੇਕੇਦਾਰ ਦਾ ਹੋਵੇਗਾ।
5. ਸਫਲ ਬੋਲੀਦਾਤਾ ਦੀ ਰੁ: 25000/- ਜ਼ਮਾਨਤੀ ਰਕਮ ਬਤੌਰ ਸਕਿਊਰਟੀ ਜਮ੍ਹਾਂ ਕੀਤੀ ਜਾਵੇਗੀ।। ਸਕਿਉਰਟੀ ਉਪਰ ਕੋਈ ਵਿਆਜ ਨਹੀ ਦਿੱਤਾ ਜਾਵੇਗਾ।
6. ਠੇਕਾ ਅਡਵਾਂਸ 4 ਤਿਮਾਹੀ ਕਿਸ਼ਤਾ ਤੇ ਲਿਆ ਜਾਵੇਗਾ। ਠੇਕੇ ਦੀ ਪਹਿਲੀ ਕਿਸ਼ਤ ਮਈ ਮਹੀਨੇ ਦੇ ਪਹਿਲੇ ਹਫਤੇ ਦੇ ਅੰਦਰ-ਅੰਦਰ ਯੂਨੀਵਰਸਿਟੀ ਦੀ ਲੇਖਾ ਸ਼ਾਖਾ ਵਿੱਚ ਜਮ੍ਹਾ ਕਰਵਾਉਣੀ ਪਵੇਗੀ। ਠੇਕੇਦਾਰ ਠੇਕੇ ਦੀ ਹਰ ਕਿਸ਼ਤ ਤਿਮਾਹੀ ਦੇ ਸ਼ੁਰੂ ਹੋਣ ਦੇ ਇੱਕ ਹਫਤੇ ਦੇ ਅੰਦਰ ਅੰਦਰ ਅਡਵਾਂਸ ਜਮ੍ਹਾ ਕਰਵਾਏਗਾ। ਪਹਿਲੀ ਤਿਮਾਹੀ ਦਾ ਸਮਾਂ ਇੱਕ ਮਈ ਤੋਂ 31 ਜੁਲਾਈ, ਦੂਜੀ ਤਿਮਾਹੀ ਦਾ ਇੱਕ ਅਗਸਤ ਤੋਂ 31 ਅਕਤੂਬਰ, ਤੀਸਰੀ ਤਿਮਾਹੀ ਦਾ 1 ਨਵੰਬਰ ਤੋਂ 31 ਜਨਵਰੀ ਅਤੇ ਚੌਥੀ ਤਿਮਾਹੀ ਦਾ 1 ਫਰਵਰੀ ਤੋਂ 30 ਅਪ੍ਰੈਲ ਤੱਕ ਹੋਵੇਗਾ। ਜੇਕਰ ਨਿਸਚਿਤ ਸਮੇ ਅੰਦਰ ਠੇਕਾ ਜਮ੍ਹਾ ਨਹੀ ਕਰਵਾਇਆ ਜਾਂਦਾ ਤਾਂ ਰੁ: 20/- ਪ੍ਰਤੀ ਦਿਨ ਪ੍ਰਤੀ ਏਕੜ ਦੇ ਹਿਸਾਬ ਨਾਲ ਜੁਰਮਾਨਾ ਲੈ ਕੇ ਭਰਵਾਇਆ ਜਾਵੇਗਾ। ਜੇਕਰ ਇੱਕ ਮਹੀਨੇ ਦੇ ਸਮੇ ਦੇ ਅੰਦਰ ਫਿਰ ਵੀ ਠੇਕਾ ਜਮ੍ਹਾ ਨਹੀ ਹੁੰਦਾ ਤਾਂ ਜ਼ਮੀਨ ਦਾ ਕਬਜਾ ਲੈ ਲਿਆ ਜਾਵੇਗਾ ਅਤੇ ਸਕਿਊਰਟੀ ਜ਼ਬਤ ਕਰ ਲਈ ਜਾਵੇਗੀ। ਇਸ ਉਪਰੰਤ ਠੇਕੇਦਾਰ ਦਾ ਜ਼ਮੀਨ ਤੇ ਹੱਕ ਟੁੱਟ ਜਾਵੇਗਾ ਅਤੇ ਖੜ੍ਹੀ ਫਸਲ ਯੂਨੀਵਰਸਿਟੀ ਦੀ ਹੋਵੇਗੀ।
7. ਰਜਿਸਟਰਾਰ /ਸਮੱਰਥ ਅਧਿਕਾਰੀ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੀ ਆਗਿਆ ਤੋਂ ਬਿਨਾ ਠੇਕੇਦਾਰ ਜ਼ਮੀਨ ਵਿੱਚ ਕੋਈ ਇਮਾਰਤ ਨਹੀ ਬਣਾ ਸਕਦਾ। ਰਜਿਸਟਰਾਰ ਦੇ ਨਾਮਜ਼ਦ ਅਧਿਕਾਰੀਆਂ ਨੂੰ ਜ਼ਮੀਨ ਵਿੱਚ ਕਿਸੇ ਵੀ ਸਮੇ ਦਾਖਲ ਹੋ ਕੇ ਨਿਰੀਖਣ ਕਰਨ ਦਾ ਪੂਰਾ ਹੱਕ ਹੋਵੇਗਾ ਅਤੇ ਜੇਕਰ ਠੇਕੇਦਾਰ ਵੱਲੋ ਸ਼ਰਤਾਂ ਦੀ ਉਲੰਘਣਾ ਕੀਤੀ ਜਾਵੇਗੀ ਤਾਂ ਉਸ ਸੂਰਤ ਵਿੱਚ ਯੂਨੀਵਰਸਿਟੀ ਨੂੰ ਜ਼ਮੀਨ ਖਾਲੀ ਕਰਵਾਉਣ ਦਾ ਪੂਰਾ ਹੱਕ ਹੋਵੇਗਾ।
8. ਠੇਕੇਦਾਰ ਜ਼ਮੀਨ ਦੀ ਦੇਖ ਰੇਖ ਕਰੇਗਾ ਅਤੇ ਰਜਿਸਟਰਾਰ ਦੀ ਆਗਿਆ ਤੋਂ ਬਿਨ੍ਹਾਂ ਕੋਈ ਵੀ ਦਰਖਤ ਜਾਂ ਬੂਟਾ ਨਹੀ ਪੁੱਟ ਸਕੇਗਾ। ਠੇਕੇਦਾਰ ਠੇਕੇ ਦੇ ਸਮੇ ਦੌਰਾਨ ਸਿਰਫ ਉਤਨੀ ਹੀ ਜ਼ਮੀਨ ਦੀ ਵਾਹੀ ਕਰੇਗਾ ਜਿਤਨੀ ਉਸ ਨੂੰ ਸ਼ੁਰੂ ਤੋਂ ਯੂਨੀਵਰਸਿਟੀ ਵੱਲੋਂ ਦਿੱਤੀ ਜਾਵੇਗੀ। ਕਿਸੇ ਵੀ ਸਮੇ ਵਾਹੀਯੋਗ ਜ਼ਮੀਨ ਦੀ ਮਿਣਤੀ ਯੂਨੀਵਰਸਿਟੀ ਵੱਲੋ ਕਰਵਾਈ ਜਾ ਸਕਦੀ ਹੈ। ਵਾਧੂ ਵਾਹੀ ਗਈ ਜ਼ਮੀਨ ਦੇ ਠੇਕੇ ਦੀ ਰਕਮ ਠੇਕਾ ਦੇਣ ਦੀ ਮਿਤੀ ਤੋਂ ਵਸੂਲੀ ਜਾਵੇਗੀ।

9. ਠੇਕੇਦਾਰ ਰਜਿਸਟਰਾਰ ਦੀ ਮਨਜ਼ੂਰੀ ਤੋਂ ਬਿਨਾ ਵਾਧੂ ਜ਼ਮੀਨ ਵਿੱਚ ਕਾਸ਼ਤ ਨਹੀ ਕਰ ਸਕਦਾ। ਅਜਿਹਾ ਹੋਣ ਦੀ ਸੂਰਤ ਵਿੱਚ ਜੁਰਮਾਨੇ ਸਮੇਤ ਵਾਧੂ ਵਾਹੀ ਜ਼ਮੀਨ ਦੇ ਠੇਕੇ ਦੀ ਰਕਮ ਯੂਨੀਵਰਸਿਟੀ ਲੇਖਾ ਸ਼ਾਖਾ ਵਿੱਚ ਜਮ੍ਹਾ ਕਰਵਾਏਗਾ ਅਤੇ ਯੂਨੀਵਰਸਿਟੀ ਅਥਾਰਟੀ ਨੂੰ ਠੇਕਾ ਰੱਦ ਕਰਨ ਦਾ ਅਧਿਕਾਰ ਹੋਵੇਗਾ।

10 ਜ਼ਮੀਨ ਵਿੱਚ ਠੇਕੇਦਾਰ ਹੋਰ ਕਿਸੇ ਵੀ ਤਰ੍ਹਾਂ ਦਾ ਕੋਈ ਧੰਦਾ/ਵਪਾਰ ਕਰਨ ਦਾ ਹੱਕਦਾਰ ਨਹੀ ਹੋਵੇਗਾ।

11 ਜੇਕਰ ਠੇਕੇਦਾਰ ਫਸਲ ਠੇਕਾ ਸਮਾਪਤੀ ਦੀ ਮਿਤੀ ਦੇ ਨੇੜੇ ਬੀਜਦਾ ਹੈ ਤੇ ਉਹ ਫਸਲ ਪੱਕਣ ਵਿੱਚ ਠੇਕਾ ਸਮਾਪਤੀ ਦੀ ਮਿਤੀ ਤੋਂ ਇੱਕ ਦੋ ਮਹੀਨੇ ਦਾ ਹੋਰ ਸਮਾਂ ਲਗਦਾ ਹੈ ਤਾਂ ਇਹ ਫਸਲ ਬੀਜਣ ਤੋਂ ਪਹਿਲਾਂ ਹੀ ਪ੍ਰਵਾਨਗੀ ਲੈਣੀ ਪਵੇਗੀ ਅਤੇ ਬਾਅਦ ਵਿੱਚ ਆਈ ਦਰਖਾਸਤ ਤੇ ਵਿਚਾਰ ਨਹੀ ਕੀਤਾ ਜਾਵੇਗਾ।

12 ਰਜਿਸਟਰਾਰ ਨੂੰ ਬਿਨਾ ਕਿਸੇ ਕਾਰਨ ਦੱਸੇ ਬੋਲੀ ਪ੍ਰਵਾਨ/ਅਪ੍ਰਵਾਨ ਕਰਨ ਦਾ ਪੂਰਾ ਅਧਿਕਾਰ ਹੋਵੇਗਾ।

13. ਲਾਇਸੰਸੀ ਵੱਲੋ ਵਾਹੀਯੋਗ ਜ਼ਮੀਨ ਕੇਵਲ ਖੇਤੀ ਕਰਨ ਲਈ ਹੀ ਵਰਤੀ ਜਾਵੇਗੀ ਅਤੇ ਕਿਸੇ ਹੋਰ ਮਹੱਤਵ ਲਈ ਨਹੀਂ ਵਰਤੀ ਜਾਵੇਗੀ।

14 ਜੇਕਰ ਠੇਕੇਦਾਰ ਠੇਕਾ ਖਤਮ ਹੋਣ ਦੀ ਮਿਆਦ ਤੱਕ ਜ਼ਮੀਨ ਖਾਲ਼ੀ ਨਹੀ਼ ਕਰਦਾ ਤਾਂ ਉਸ ਤੋਂ 20 ਗੁਣਾ ਠੇਕੇ ਦੀ ਰਕਮ ਭਰਵਾਈ ਜਾਵੇਗੀ ਅਤੇ ਬਣਦੀ ਯੋਗ ਕਾਰਵਾਈ ਕੀਤੀ ਜਾਵੇਗੀ।

15 ਰਜਿਸਟਰਾਰ ਵੱਲੋਂ ਠੇਕੇ ਬਾਰੇ ਕੀਤਾ ਗਿਆ ਫੈਸਲਾ ਠੇਕੇਦਾਰ ਤੇ ਅੰਤਮ ਤੋਰ ਤੇ ਲਾਗੂ ਹੋਵੇਗਾ।

16. ਜ਼ਮੀਨ ਸਬੰਧੀ ਕਿਸੇ ਕਿਸਮ ਦੇ ਹੋਰ ਮਾਮਲੇ ਜਾਂ ਝਗੜੇ ਸਬੰਧੀ ਰਜਿਸਟਰਾਰ ਦਾ ਫੈਸਲਾ ਸਹੀ ਅਤੇ ਆਖਰੀ ਮੰਨਿਆ ਜਾਵੇਗਾ।

17 ਠੇਕੇਦਾਰ ਵੱਲੋਂ ਜਾਂ ਉਸ ਦੇ ਕਰਮਚਾਰੀਆਂ ਵੱਲੋਂ ਜੇਕਰ ਯੂਨੀਵਰਸਿਟੀ ਵਿੱਚ ਬਦਅਮਨੀ ਫੈਲਾਈ ਜਾਂਦੀ ਹੈ ਤਾਂ ਉਸ ਸਮੇ ਰਜਿਸਟਰਾਰ ਨੂੰ ਠੇਕਾ ਖਤਮ ਕਰਨ ਦਾ ਪੂਰਾ ਹੱਕ ਹੋਵੇਗਾ ਅਤੇ ਠੇਕੇ ਦੀ ਵਸੂਲ ਕੀਤੀ ਰਕਮ ਵਾਪਸ ਨਹੀ ਕੀਤੀ ਜਾਵੇਗੀ।

18 ਜੇਕਰ ਠੇਕੇ ਤੇ ਦਿੱਤੀ ਗਈ ਜ਼ਮੀਨ ਵਿੱਚ ਯੂਨੀਵਰਸਿਟੀ ਨੂੰ ਕਿਸੇ ਤਰ੍ਹਾਂ ਦੀ ਇਮਾਰਤ ਬਨਾਉਣ ਦੀ ਜ਼ਰੂਰਤ ਪਏਗੀ ਤਾਂ ਉਸ ਥਾਂ ਤੇ ਯੂਨੀਵਰਸਿਟੀ ਨੂੰ ਬਿਲਡਿੰਗ ਬਨਾਉਣ ਦਾ ਹੱਕ ਹੋਵੇਗਾ ਅਤੇ ਮੁਨਾਸਿਬ ਰਕਮ (ਏਰੀਏ ਮੁਤਾਬਕ) ਘੱਟ ਕਰ ਦਿੱਤੀ ਜਾਵੇਗੀ।

19 ਸਕਿਊਰਟੀ ਦੀ ਰਕਮ ਠੇਕਾ ਖਤਮ ਹੋਣ ਉਪਰੰਤ ਕਬਜਾ ਮੁਕੰਮਲ ਰੂਪ ਵਿੱਚ ਲੈਣ ਤੇ ਹੀ ਵਾਪਸ ਕੀਤੀ ਜਾਵੇਗੀ। ਸਕਿਊਰਟੀ ਦੀ ਰਕਮ ਤੇ ਕੋਈ ਵਿਆਜ ਨਹੀ ਦਿੱਤਾ ਜਾਵੇਗਾ।

20 ਸਫਲ ਬੋਲੀਦਾਤਾ ਆਪਣੇ ਚਾਲ-ਚੱਲਣ ਸੰਬਧੀ ਸਰਪੰਚ ਜਾਂ ਮਿਉਸਪਲ ਕੌਂਸਲਰ (ਐਮ.ਸੀ.) ਤੋਂ ਤਸਦੀਕ ਕਰਵਾ ਕੇ ਇਹ ਸਰਟੀਫੀਕੇਟ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਨੂੰ ਕੈਫੇਟੀਰੀਆ ਲੈਣ ਤੋਂ ਤੁਰੰਤ ਬਾਅਦ ਪੇਸ਼ ਕਰੇਗਾ।

21 ਠੇਕੇਦਾਰ ਜ਼ਮੀਨ ਦਾ ਕਬਜ਼ਾ ਲੈਣ ਤੋਂ ਪਹਿਲਾਂ ਇਹ ਯਕੀਨੀ ਬਣਾਏਗਾ ਕਿ ਉਸ ਨੇ ਕੁੱਲ ਕਿੰਨੀ ਜ਼ਮੀਨ ਠੇਕੇ ਤੇ ਲਈ ਹੈ ਅਤੇ ਅਸਟੇਟ ਵਿਭਾਗ ਦੇ ਅਧਿਕਾਰੀ/ਕਰਮਚਾਰੀ ਉਸ ਨੂੰ ਇਹ ਜ਼ਮੀਨ ਦੀ ਨਿਸ਼ਾਨਦੇਹੀ ਦੇਣਗੇ। ਉਸ ਤੋਂ ਵੱਧ ਜ਼ਮੀਨ ਦੀ ਵਰਤੋਂ ਕਰਨ ਤੇ ਠੇਕੇਦਾਰ ਵਿਰੁੱਧ ਕਾਨੂੰਨੀ ਕਰਵਾਈ ਕੀਤੀ ਜਾਵੇਗੀ।

22. ਠੇਕੇਦਾਰ ਠੇਕੇ ਤੇ ਲਈ ਜ਼ਮੀਨ ਦੀ ਕਾਸ਼ਤ ਖੁਦ ਆਪ ਕਰੇਗਾ ਅਤੇ ਅੱਗੇ ਕਿਸੇ ਹੋਰ ਪਾਰਟੀ ਨੂੰ ਠੇਕੇ ਤੇ ਨਹੀ ਦੇਵੇਗਾ।

23. ਜ਼ਮੀਨ ਦੇ ਕਿਸੇ ਵੀ ਜਾਨੀ-ਮਾਲੀ ਨੁਕਸਾਨ ਦੀ ਯੂਨੀਵਰਸਿਟੀ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

24. ਲਾਇਸੰਸੀ ਵੱਲੋ ਕੋਵਿਡ-19/ਕੁਦਰਤੀ ਆਫਤ/ਯੂਨੀਵਰਸਿਟੀ ਜਾਂ ਪੰਜਾਬ ਜਾਂ ਕੇਂਦਰ ਸਰਕਾਰ ਵੱਲੋ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ।

25. ਲਾਇਸੰਸੀ ਵੱਲੋ ਆਪਣਾ ਆਲਾ-ਦੁਆਲਾ ਸਾਫ ਰੱਖਿਆ ਜਾਵੇਗਾ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੁਰਮਾਨਾ ਲਗਾਇਆ ਜਾਵੇਗਾ।

ਉਪਰੋਕਤ ਸਾਰੀਆਂ ਸ਼ਰਤਾਂ ਦੀ ਇੰਨ ਬਿਨ ਪਾਲਣਾ ਨਾ ਕਰਨ ਦੀ ਸੂਰਤ ਵਿਚ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਅਧਿਕਾਰੀਆਂ ਵੱਲੋ ਕੀਤੀ ਕਾਰਵਾਈ ਅਤੇ ਫੈਸਲਾ ਲਾਇਸੰਸੀ ਤੇ ਤੁਰੰਤ ਲਾਗੂ ਹੋਵੇਗਾ।

ਰਜਿਸਟਰਾਰ,
ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ
ਯੂਨੀਵਰਸਿਟੀ, ਬਠਿੰਡਾ।